# ਰੰਗਾਰੰਗ ਤਿੰਨ ਰੋਜ਼ਾ ਕਾਲਜ ਸਭਿਆਚਾਰਕ ਪ੍ਰੋਗਰਾਮ

## ਨਵੀਂ ਦਿੱਲੀ: ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ

13 ਫਰਵਰੀ 2019 ਨੂੰ ਸਵੇਰੇ ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ ਵਿਖੇ ਤਿੰਨ ਰੋਜ਼ਾ ਸਾਲਾਨਾ ਸਭਿਆਚਾਰਕ ਪ੍ਰੋਗਰਾਮ 'ਸੁਰਲੋਕ' ਦਾ ਅਰੰਭ ਹੋਇਆ। ਇਸ ਖਾਸ ਮੌਕੇ 'ਤੇ ਸ੍ਰੀ ਅਸ਼ੋਕ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਜੋ ਇਸੇ ਕਾਲਜ ਵਿੱਚ ਅਧਿਆਪਨ ਕਾਰਜ ਕਰ ਚੁੱਕੇ ਹਨ ਤੇ ਹੁਣ ਭਾਰਤ ਸਰਕਾਰ ਵਿੱਚ ਪਰਿਆਵਰਣ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਦੇ ਅਹੁਦੇ ਉਤੇ ਕਾਰਜਸ਼ੀਲ ਹਨ।ਕਾਲਜ ਦੇ ਪ੍ਰਿੰਸੀਪਲ ਡਾ. ਮਨਮੋਹਨ ਕੌਰ, ਕਾਲਜ ਗਵਰਨਿੰਗ ਬੌਡੀ ਦੇ ਸ੍ਰ. ਰਣਜੀਤ ਸਿੰਘ ਸਾਹਨੀ, ਡਾ. ਗੁਰਮੋਹਿੰਦਰ ਸਿੰਘ ਤੇ ਆਰਟ ਤੇ ਕਲੱਚਰ ਦੇ ਕਨਵੀਨਰ ਡਾ. ਬਰਜਿੰਦਰ ਸਿੰਘ ਚੌਹਾਨ ਹਾਜ਼ਿਰ ਸਨ। ਪ੍ਰੋਗਰਾਮ ਦਾ ਅਰੰਭ ਸ਼ਬਦ ਗਾਇਨ ਨਾਲ ਹੋਇਆ। ਮਹਿਮਾਨਾਂ ਦਾ ਸਵਾਗਤ ਫੁੱਲਾਂ ਦੇ ਗੁਲਦਸਤੇ ਤੇ ਸ਼ਾਲ ਦੇ ਕੇ ਕੀਤਾ ਗਿਆ।

ਪ੍ਰਿੰਸੀਪਲ ਮੈਡਮ ਨੇ ਇਸ ਦਿਨ ਦੀ ਵਿਸ਼ੇਸ਼ਤਾ ਦੱਸਦੇ ਹੋਏ ਕਿਹਾ ਕਿ, ਅੱਜ ਹੀ ਦੇ ਦਿਨ ਨਵੀਂ ਦਿੱਲੀ ਨੂੰ ਰਾਜਧਾਨੀ ਦਾ ਦਰਜ਼ਾ ਦਿੱਤਾ ਗਿਆ ਸੀ।ਅੱਜ ਭਾਰਤ ਕੋਕਿਲਾ ਸਰੋਜਿਨੀ ਨਾਇਡੂ ਦਾ ਜਨਮਦਿਹਾੜਾ ਵੀ ਹੈ।ਇਸ ਮੌਕੇ ਤੇ ਮੁੱਖ ਮਹਿਮਾਨ ਅਸ਼ੋਕ ਕੁਮਾਰ ਨੇ ਕਿਹਾ ਕਿ, 'ਇਸ ਕਾਲਜ ਵਿੱਚ ਉਨ੍ਹਾਂ ਨੇ ਤਿੰਨ ਸਾਲ ਪੜ੍ਹਾਇਆ ਤੇ ਕਾਲਜ ਵਲੋਂ ਸਿਵਿਲ ਸਰਵਿਸ ਦੀ ਤਿਆਰੀ ਲਈ ਉਨ੍ਹਾਂ ਨੂੰ ਭਰਪੂਰ ਸਹਿਯੋਗ ਮਿਲਿਆ। ਉਨ੍ਹਾਂ ਦਾ ਕਹਿਣਾ ਸੀ, "ਇੱਥੇ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ। ਬਹੁਤ ਚੰਗਾ ਹੋਏਗਾ ਜੇ ਉਹ ਕਾਲਜ ਲਈ ਕੋਈ ਕੰਮ ਕਰ ਸਕਣ।" ਸਭਿਆਚਾਰਕ ਪ੍ਰੋਗਰਾਮਾਂ ਦੇ ਤਹਿਤ ਭਾਰਤੀ ਸਭਿਆਚਾਰ ਦੀ ਵਿਭਿੰਨਤਾ ਦੀ ਝਲਕ ਦੇ ਨਾਲ ਵਿਦਿਆਰਥੀਆਂ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਨਿਖਾਰਨ ਦੇ ਇਰਾਦੇ ਨਾਲ ਅਨੇਕ ਮੁਕਾਬਲੇ ਰੱਖੇ ਗਏ ਸਨ।ਜਿਸ ਵਿੱਚ ਪਹਿਲੇ ਦਿਨ 'ਹਰਿ ਜੱਸ ਗਾਇਨ, ਆਰੋ ਕਲਾਸਿਕ ਗਾਇਨ, ਦੇਸੀ ਬੀਟਸ, ਸੁਹਣੀ ਦਸਤਾਰ, ਤੇ ਨੁੱਕੜ ਨਾਟਕ ਜਿਹੇ ਪਰੰਪਰਿਕ ਪ੍ਰੋਗਰਾਮਾਂ ਨਾਲ ਨਵੇਂ ਅੰਦਾਜ਼ ਦੇ ਐਡ ਮੈਡ, ਚਿੱਤਰ ਕਥਾ ਫੋਟੋਗ੍ਰਾਫੀ, ਡੈਸ਼ਬਾਂਸ਼ ਤੇ ਨਜ਼ਮ ਕਾਵਿ-ਮੇਲਾ ਅਤੇ ਸਿਰਜਨਾਤਮਕ ਰਚਨਾ ਜਿਹੇ ਨਵੀਨ ਮੁਕਾਬਲਿਆਂ ਨੂੰ ਵੀ ਇਸ ਵਾਰ ਸ਼ਾਮਿਲ ਕੀਤਾ ਗਿਆ।

ਸਾਰੇ ਹੀ ਮੁਕਾਬਲਿਆਂ ਵਿੱਚ ਅਨੇਕ ਕਾਲਜਾਂ ਦੀਆਂ ਟੀਮਾਂ ਨੇ ਹਿੱਸਾ ਲਿਆ।ਸਾਰਾ ਦਿਨ ਗਹਿਮਾ-ਗਹਿਮੀ ਬਣੀ ਰਹੀ। ਜਿੱਥੇ ਵਿਦਿਆਰਥੀਆਂ ਦਾ ਜੋਸ਼ ਤੇ ਉਤਸਾਹ ਵੇਖਣ ਵਾਲਾ ਸੀ, ਉੱਥੇ ਕਾਲਜ ਸਟਾਫ ਤੇ ਅਧਿਕਾਰੀਆਂ ਨੇ ਵੀ ਇਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।ਇਸ ਰੰਗਾਰੰਗ ਪ੍ਰੋਗਰਾਮ ਦੇ ਦੂਜੇ ਦਿਨ ਵੀ ਇਸੇ ਤਰ੍ਹਾਂ ਅਨੇਕ ਮੁਕਾਬਲੇ ਹੋਣਗੇ ਤੇ ਤੀਜੇ ਦਿਨ ਯਾਨਿ 15 ਫਰਵਰੀ, 2019 ਨੂੰ ਨੌਜਵਾਨਾਂ ਦੀ ਪਸੰਦ ਪੌਪ ਸਿੰਗਰ 'ਗੁਰੀ' ਆਪਣੀ ਸੰਗੀਤਮਈ ਪ੍ਰਸਤੁਤੀ ਦੇਣਗੇ।